# ਗੁਰਸ਼ਰਨ ਸਿੰਘ : ਪੈੜਾਂ ਜਿਸ ਦੀਆਂ ਬਰਕਰਾਰ

ਡਾ. ਆਤਮਜੀਤ

ਪੰਜਾਬੀ ਰੰਗਮੰਚ ਦੀ ਉਮਰ ਜੇ ਸੌ ਸਾਲ ਵੀ ਮਿੱਥ ਲਈਏ ਤਾਂ ਉਸ ਵਿਚੋਂ ਅੱਧੀ ਸਦੀ ਇਕੱਲੇ ਗੁਰਸ਼ਰਨ ਸਿੰਘ ਦੀ ਹੈ। ਉਹ ਹਰਚਰਨ ਸਿੰਘ-ਗਾਰਗੀ ਦੇ ਸਮੇਂ ਵੀ ਥੀਏਟਰ ਕਰਦਾ ਸੀ; ਘੁੰਮਣ-ਸੇਠੀ-ਹਰਪਾਲ ਟਿਵਾਣਾ ਦੇ ਕਾਲ ਵਿਚ ਸਰਗਰਮ ਰਿਹਾ; ਸਿੱਧੂ-ਔਲਖ-ਆਤਮਜੀਤ ਦੇ ਵਕਤ ਦੌਰਾਨ ਵੀ ਉਸਦੀ ਪੈਂਠ ਬਣੀ ਰਹੀ; ਕੇਵਲ ਧਾਲੀਵਾਲ, ਪਾਲੀ ਭੁਪਿੰਦਰ ਤੇ ਹੁਣ ਸਾਹਿਬ ਸਿੰਘ, ਅਨੀਤਾ, ਸੰਗੀਤਾ ਤੇ ਉਹਨਾਂ ਤੋਂ ਬਾਅਦ ਦੇ ਰੰਗਕਰਮੀਆਂ ਦੇ ਦੌਰ ਵਿਚ ਵੀ ਗੁਰਸ਼ਰਨ ਸਿੰਘ ਰੰਗਮੰਚ ਦਾ ਸ਼ੇਰੇ-ਪੰਜਾਬ ਰਿਹਾ। ਉਹ ਪੰਜਾਬ ਦੇ ਰੰਗਕਰਮ ਦਾ ਇਕੋ-ਇਕ ਅਜਿਹਾ ਨਾਂ ਹੈ ਜਿਹੜਾ ਸਾਰੇ ਹਿੰਦੁਸਤਾਨ ਵਿਚ ਅਤੇ ਵਿਦੇਸ਼ਾਂ ਵਿਚ ਬਰਾਬਰ ਦੇ ਸਤਿਕਾਰ ਅਤੇ ਚਾਅ ਨਾਲ ਜਾਣਿਆ ਜਾਂਦਾ ਹੈ। ਉਸਦੇ ਸਤਿਕਾਰ ਦਾ ਵੱਡਾ ਕਾਰਨ ਉਸਦੇ ਜ਼ਿੰਦਗੀ ਪ੍ਰਤੀ ਵਿਸ਼ਵਾਸ, ਉਨ੍ਹਾਂ ਵਿਸ਼ਵਾਸਾਂ ਪ੍ਰਤੀ ਸੁਹਿਰਦਤਾ ਅਤੇ ਉਨ੍ਹਾਂ 'ਤੇ ਪਹਿਰਾ ਦੇਣ ਦੀ ਤਾਕਤ ਹੈ। ਇਸ ਸਭ ਕੁਝ ਦੇ ਨਾਲ-ਨਾਲ ਉਸ ਵੱਲੋਂ ਕੀਤਾ ਗਿਆ ਸੰਘਰਸ਼ ਅਤੇ ਕੁਰਬਾਨੀ ਵੀ ਉਸਦੇ ਬਿੰਬ ਨੂੰ ਜ਼ਿੰਦਗੀ ਤੋਂ ਵਡੇਰਾ ਬਣਾ ਦੇਂਦੀ ਹੈ। ਉਹ ਪਿਛਲੇ ਤਿੰਨ ਦਹਾਕਿਆਂ ਤੋਂ ਸੈਕੂਲਰ ਅਤੇ ਖੱਬੇਪੱਖੀ ਸੋਚ ਦੇ ਧਾਰਨੀ ਲੋਕਾਂ ਦਾ ਲਗਾਤਾਰ ਆਦਰਸ਼ ਬਣਿਆ ਰਿਹਾ।

1929 ਵਿਚ ਜਨਮੇ ਭਾਅ ਗੁਰਸ਼ਰਨ ਸਿੰਘ ਨੇ ਆਪਣੇ ਰੰਗਮੰਚ ਦਾ ਸਫ਼ਰ ਭਾਵੇਂ ਨੰਗਲ ਤੋਂ ਸ਼ੁਰੂ ਕੀਤਾ ਪਰ ਉਸ ਸਫ਼ਰ ਨੂੰ ਨਿਸ਼ਚਿਤ ਦਿਸ਼ਾ ਅੰਮ੍ਰਿਤਸਰ ਸ਼ਹਿਰ ਵਿਚ ਮਿਲੀ। ਭਾਵੇਂ ਅਜੋਕੀ ਪੀੜ੍ਹੀ ਗੁਰਸ਼ਰਨ ਸਿੰਘ ਦੇ ਖੱਬੇ-ਪੱਖੀ ਥੀਏਟਰ ਦੇ ਹੀ ਸਨਮੁਖ ਹੋਈ ਹੈ ਪਰ ਗੁਰਸ਼ਰਨ ਸਿੰਘ ਦੇ ਨਾਟ-ਸਫ਼ਰ ਦੇ ਵੱਖ-ਵੱਖ ਪੜਾਵਾਂ ਦੇ ਸਫ਼ਰ ਵੱਲ ਝਾਤੀ ਮਾਰੀਏ ਤਾਂ ਪਤਾ ਲੱਗੇਗਾ ਕਿ ਉਸ ਦੇ ਵਿਚਾਰ ਅਤੇ ਥੀਏਟਰ ਸਮੇਂ ਦੀਆਂ ਹਕੀਕਤਾਂ ਨੂੰ ਪਛਾਣਦੇ ਹੋਏ ਵਿਕਸਿਤ ਹੋਏ ਹਨ। ਭਾਵੇਂ ਅਸੀਂ ਗੁਰਸ਼ਰਨ ਸਿੰਘ ਨੂੰ ਸਾਦੇ ਤੇ ਸਿੱਧੇ ਥੀਏਟਰ ਦੇ ਮੁੱਦਈ ਦੇ ਤੌਰ 'ਤੇ ਹੀ ਜਾਣਨਾ ਚਾਹੁੰਦੇ ਹਾਂ ਪਰ ਆਪਣੇ ਸਫ਼ਰ ਦੇ ਆਰੰਭ ਵਿਚ ਉਸਨੇ ਬਹੁਤ ਸਾਰੀਆਂ ਪਰਤਾਂ ਵਾਲੇ ਅਤੇ ਕਲਾਤਮਕ ਥੀਏਟਰ ਦੇ ਵੀ ਬਹੁਤ ਕਾਮਯਾਬ ਤਜਰਬੇ ਕੀਤੇ; ਬੇਸ਼ੱਕ ਗੁਰਸ਼ਰਨ ਸਿੰਘ ਅਜਿਹੇ ਰੰਗਮੰਚ ਦਾ ਪ੍ਰੋਡਿਊਸਰ ਹੀ ਹੁੰਦਾ ਸੀ; ਨਿਰਦੇਸ਼ਨ ਵਿਚ ਉਸਦੇ ਸਾਥੀ ਸੁਰੇਸ਼ ਪੰਡਿਤ ਵਰਗੇ ਪ੍ਰਬੁੱਧ ਰੰਗਕਰਮੀ ਹੁੰਦੇ ਸਨ। ਮੈਂ ਗੁਰਸ਼ਰਨ ਸਿੰਘ ਦੁਆਰਾ ਤਿਆਰ ਕੀਤੇ ਅਜਿਹੇ ਅਨੇਕਾਂ ਨਾਟਕ ਦੇਖੇ ਹਨ ਅਤੇ ਇਸ ਗੱਲ ਨੂੰ ਸਵੀਕਾਰਨ ਵਿਚ ਮਾਣ ਮਹਿਸੂਸ ਕਰਦਾ ਹਾਂ ਕਿ ਇਨ੍ਹਾਂ ਨਾਟਕਾਂ ਨੇ ਮੇਰੇ ਅੰਦਰ ਇਸ ਕਲਾ ਪ੍ਰਤੀ ਖਿੱਚ ਨੂੰ ਬਹੁਤ ਜ਼ਿਆਦਾ ਚਮਕਾਇਆ। 'ਡੀਜ਼ਾਇਰ ਅੰਡਰ ਦ ਐਲਮਜ਼' ਅਤੇ 'ਘੋਸਟਸ' ਵਰਗੇ ਨਾਟਕਾਂ ਦਾ ਅੰਮ੍ਰਿਤਸਰ ਦੇ ਰੰਗਮੰਚ ਉੱਤੇ ਅੱਜ ਤੋਂ ਚਾਲੀ ਸਾਲ ਪਹਿਲਾਂ ਖੇਡਿਆ ਜਾਣਾ ਅਰਥ ਰੱਖਦਾ ਹੈ। ਗਾਂਧੀ ਗਰਾਊਂਡ ਦੇ ਓਪਨ ਏਅਰ ਥੀਏਟਰ ਵਿਚ ਉਹ ਨਿਸਚਿਤ ਸਮੇਂ

ਬਾਅਦ 3-4 ਦਿਨਾਂ ਦਾ ਮੇਲਾ ਕਰਦਾ ਹੁੰਦਾ ਸੀ। ਕੁਝ ਕੁ ਰੁਪਿਆਂ ਦੇ ਚੰਦੇ ਨਾਲ ਉਸ ਨੇ ਸਹਿਯੋਗੀ ਮੈਂਬਰ ਬਣਾਏ ਹੋਏ ਸਨ। ਜਿਸ ਤਰ੍ਹਾਂ ਦੇ ਥੀਏਟਰ, ਉਸਦੇ ਪ੍ਰਬੰਧ ਅਤੇ ਲੋਕਾਂ ਦੀ ਸ਼ਮੂਲੀਅਤ ਦੀ ਅਸੀਂ ਅੱਜ ਗੱਲ ਕਰਦੇ ਹਾਂ, ਗੁਰਸ਼ਰਨ ਸਿੰਘ ਇਸ ਤਰ੍ਹਾਂ ਦਾ ਥੀਏਟਰ ਬਹੁਤ ਪਹਿਲਾਂ ਕਰ ਚੁੱਕਾ ਸੀ।

1966 ਅਤੇ 1969 ਵਿਚ ਗੁਰੂ ਗੋਬਿੰਦ ਸਿੰਘ ਅਤੇ ਗੁਰੂ ਨਾਨਕ ਦੇਵ ਦੀਆਂ ਜਨਮ-ਸ਼ਤਾਬਦੀਆਂ ਮਨਾਈਆਂ ਗਈਆਂ। ਇਸ ਮੌਕੇ 'ਤੇ ਗੁਰਸ਼ਰਨ ਸਿੰਘ ਨੇ ਇਕ ਨਵਾਂ ਰਾਹ ਦੇਖਿਆ। ਉਸਨੇ ਗੁਰੂ ਸਾਹਿਬਾਨ ਬਾਰੇ ਲਿਖੇ ਗੁਰਦਿਆਲ ਸਿੰਘ ਫੁੱਲ ਦੇ ਨਾਟਕਾਂ ਨੂੰ ਖੱਬੇ-ਪੱਖੀ ਨਜ਼ਰ ਨਾਲ ਚਿਤਵਿਆ। **ਸੱਚ ਇਹ ਹੈ ਕਿ ਗੁਰੂਆਂ ਦੇ ਸੰਦੇਸ਼ ਦਾ ਬਹੁਤਾ ਹਿੱਸਾ ਖੱਬੇ-ਪੱਖੀ ਵਿਚਾਰਧਾਰਾ ਤੋਂ ਬਾਹਰਾ ਨਹੀਂ। ਜੇਕਰ ਪਰਮਾਤਮਾ ਦੇ ਸਰੂਪ ਅਤੇ ਆਤਮਾ-ਪਰਮਾਤਮਾ ਦੇ ਸੰਬੰਧਾਂ ਨੂੰ ਛੱਡ ਦੇਈਏ ਤਾਂ ਸਿੱਖ ਧਰਮ ਦੇ ਲੱਗਭਗ ਸਾਰੇ ਸਮਾਜਿਕ ਵਿਸ਼ਵਾਸ ਖੱਬੇ-ਪੱਖੀ ਵਿਸ਼ਵਾਸਾਂ ਦੇ ਬਹੁਤ ਜ਼ਿਆਦਾ ਨੇੜੇ ਹਨ ਜਿਵੇਂ ਕਿਰਤ ਕਰਨਾ, ਵੰਡ ਛਕਣਾ, ਜ਼ੁਲਮ ਵਿਰੁੱਧ ਖੜ੍ਹਨਾ, ਸੱਚ ਨੂੰ ਸੱਚ ਕਹਿਣਾ, ਜ਼ਾਤ-ਪਾਤ ਅਤੇ ਲਿੰਗ-ਭੇਦ ਤੋਂ ਉੱਚਾ ਉੱਠਣਾ, ਸੰਪਰਦਾਇਕਤਾ ਵਿਚ ਰਤਾ ਵੀ ਵਿਸ਼ਵਾਸ ਨਾ ਰੱਖਣਾ ਅਤੇ ਸਾਰੀ ਖ਼ਲਕਤ ਨੂੰ ਸਾਂਝੀਵਾਲਤਾ ਦੀ ਦ੍ਰਿਸ਼ਟੀ ਤੋਂ ਇਉਂ ਦੇਖਣਾ ਕਿ ਕੋਈ ਬੇਗਾਨਾ ਰਹੇ ਹੀ ਨਾ।** ਗੁਰਸ਼ਰਨ ਸਿੰਘ ਅਤੇ ਫੁੱਲ ਨੇ ਇਸ ਸਾਂਝ ਨੂੰ ਪੰਜਾਬ ਦੇ ਹਿੱਤ ਵਿਚ ਵਰਤਣ ਦੀ ਕੋਸ਼ਿਸ਼ ਕੀਤੀ ਅਤੇ 'ਸਭਿ ਕਿਛੁ ਹੋਤਿ ਉਪਾਇ', 'ਜਿਨ ਸਚੁ ਪਲੈ ਹੋਇ' ਅਤੇ 'ਨਾਨਕ ਨਾਮ ਸਮਾਲ ਤੂੰ' ਵਰਗੇ ਨਾਟਕਾਂ ਨਾਲ ਜਦੋਂ ਗੁਰਸ਼ਰਨ ਸਿੰਘ ਅੰਮ੍ਰਿਤਸਰ ਵਿਚੋਂ ਬਾਹਰ ਨਿਕਲਿਆ, ਉਹ ਸਾਰੇ ਪੰਜਾਬ ਵਿਚ ਫੈਲਣ ਲੱਗਾ। ਇਹ ਉਹ ਸਮਾਂ ਸੀ ਜਦੋਂ ਉਸਦੇ ਰੰਗਮੰਚ ਨੇ ਸਾਦਗੀ ਧਾਰਨ ਕਰਨੀ ਸ਼ੁਰੂ ਕੀਤੀ। ਪਰ ਪੰਜਾਬ ਦੇ ਥੀਏਟਰ ਦੀ ਸਭ ਤੋਂ ਵੱਡੀ ਬਦਕਿਸਮਤੀ ਇਹ ਹੈ ਕਿ ਇਸਨੂੰ ਸ਼ੁਰੂ ਤਾਂ ਵਿਅਕਤੀ ਕਰਦੇ ਹਨ ਪਰ ਮੰਦੀ ਆਰਥਿਕਤਾ ਕਾਰਨ ਇਸ ਦੀ ਵਾਗਡੋਰ ਸੰਸਥਾਵਾਂ ਦੇ ਹੱਥਾਂ ਵਿਚ ਚਲੀ ਜਾਂਦੀ ਹੈ। ਹੌਲੀ-ਹੌਲੀ ਗੁਰਸ਼ਰਨ ਸਿੰਘ ਦਾ ਇਹ ਥੀਏਟਰ ਗੁਰਦਵਾਰਿਆਂ ਦਾ ਥੀਏਟਰ ਬਣ ਗਿਆ; ਬਿਲਕੁਲ ਓਸੇ ਤਰ੍ਹਾਂ ਜਿਵੇਂ ਰਾਮ ਲੀਲ੍ਹਾ ਮੰਦਿਰ ਵਿਚ ਸਿਮਟ ਚੁੱਕੀ ਹੈ। ਇਸੇ ਕਾਰਨ ਗੁਰਸ਼ਰਨ ਸਿੰਘ ਨੇ ਇਸ ਥੀਏਟਰ ਤੋਂ ਪਾਸਾ ਵੱਟਣਾ ਸ਼ੁਰੂ ਕਰ ਦਿੱਤਾ।

ਉਸਦੇ ਵਿਸ਼ਵਾਸਾਂ ਦਾ ਸਭ ਤੋਂ ਵੱਡਾ ਇਮਤਿਹਾਨ ਐਮਰਜੈਂਸੀ ਦੇ ਦਿਨਾਂ ਵਿਚ ਹੋਇਆ। ਅਸੀਂ ਗੁਰਸ਼ਰਨ ਸਿੰਘ ਵੱਲੋਂ ਜਿਸ ਬਹੁਮੁੱਲੇ ਅਤੇ ਬਹੁਪਰਤੀ ਰੰਗਮੰਚ ਕੀਤੇ ਜਾਣ ਦੀ ਗੱਲ ਕਰ ਰਹੇ ਹਾਂ ਉਹ ਇਸ ਸਮੇਂ ਦੌਰਾਨ ਵੀ ਇਸ ਕਿਸਮ ਦੇ ਰੰਗਮੰਚ ਨੂੰ ਬਹੁਤ ਗੰਭੀਰ ਪੱਧਰ 'ਤੇ ਕਰ ਰਿਹਾ ਸੀ। ਨਜ਼ਮ ਹੁਸੈਨ ਸੱਯਦ ਦਾ ਨਾਟਕ 'ਤਖ਼ਤ ਲਾਹੌਰ' ਅਤੇ ਮੇਜਰ ਇਸਹਾਕ ਮੁਹੰਮਦ ਦੇ ਨਾਟਕ 'ਕੁਕਨੂੱਸ' ਗਾਂਧੀ ਗਰਾਊਂਡ ਵਿਚ ਖੇਡੇ ਗਏ। ਜਿਵੇਂ ਇਨ੍ਹਾਂ ਨਾਟਕਾਂ ਵਿਚ ਦੁੱਲਾ ਸਥਾਪਤੀ ਨਾਲ ਟੱਕਰ ਲੈਂਦਾ ਹੈ, ਉਸੇ ਤਰ੍ਹਾਂ ਗੁਰਸ਼ਰਨ ਸਿੰਘ ਆਪਣੇ ਸਮੇਂ ਦੀ ਸਥਾਪਤੀ ਨਾਲ ਟਕਰਾ ਰਿਹਾ ਸੀ। ਸਮੇਂ ਦੀ ਸਰਕਾਰ ਉਸ ਤੋਂ ਦੁਖੀ ਸੀ; ਉਸ ਨੂੰ ਸਮੇਂ-ਸਮੇਂ ਇਨਾਮਾਂ-ਸਨਮਾਨਾਂ ਦੇ ਲਾਲਚ ਵੀ ਦਿੱਤੇ ਗਏ ਪਰ ਗੁਰਸ਼ਰਨ ਸਿੰਘ ਆਪਣੇ ਵਿਚਾਰਾਂ ਦੀ ਦ੍ਰਿੜ੍ਹਤਾ ਤੋਂ ਨਹੀਂ ਡੋਲਿਆ। ਨਤੀਜੇ ਵਜੋਂ ਭਾਖੜਾ ਡੈਮ ਦੀ ਉਸਾਰੀ ਵਿਚ ਮਹੱਤਵਪੂਰਨ ਹਿੱਸਾ ਪਾਉਣ ਵਾਲੇ ਇਸ ਸੀਮੈਂਟ ਤਕਨਾਲੋਜੀ ਦੇ ਮਾਹਿਰ ਵਿਗਿਆਨੀ ਨੂੰ ਨਾ ਸਿਰਫ਼

ਆਪਣੀ ਨੌਕਰੀ ਤਿਆਗਣੀ ਪਈ ਬਲਕਿ ਉਸ ਨੂੰ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਸਲਾਖ਼ਾਂ ਪਿੱਛੇ ਵੀ ਭੇਜਿਆ ਹਾਲਾਂ ਕਿ ਕੁਝ ਦਿਨ ਪਹਿਲਾਂ ਗਿਆਨੀ ਜ਼ੈਲ ਸਿੰਘ ਨੇ ਹੀ ਜੰਮੂ ਵਿਚ ਗੁਰਸ਼ਰਨ ਸਿੰਘ ਦਾ ਨਾਟਕ ਦੇਖ ਕੇ ਉਸਨੂੰ 'ਪੰਜਾਬ ਦਾ ਹੀਰਾ' ਕਿਹਾ ਸੀ। ਇਸ ਗ੍ਰਿਫ਼ਤਾਰੀ ਨੇ ਉਸਦੇ ਅਹਿਦ ਨੂੰ ਹੋਰ ਪੱਕਾ ਕੀਤਾ ਅਤੇ ਉਸਨੇ ਆਪਣੇ ਸੰਦੇਸ਼ ਨੂੰ ਵਧੇਰੇ ਸਪਸ਼ਟ ਕਰਨ ਲਈ 'ਧਮਕ ਨਗਾਰੇ ਦੀ' ਨਾਟਕ ਲਿਖਿਆ ਜਿਹੜਾ ਕਿ ਇਕ ਵਾਰ ਫਿਰ ਦੁੱਲੇ ਭੱਟੀ ਦੀ ਜ਼ਿੰਦਗੀ ਉੱਤੇ ਹੀ ਆਧਾਰਤ ਹੈ। ਇਸ ਨਾਟਕ ਨੂੰ ਲਿਖਣ ਵਿਚ ਅਮਰਜੀਤ ਚੰਦਨ ਨੇ ਵੀ ਉਹਦਾ ਸਾਥ ਦਿੱਤਾ, ਖ਼ਾਸ ਕਰਕੇ ਵਾਰਤਾਲਾਪ ਲਿਖਣ ਵਿਚ। ਉਸਨੂੰ ਜਾਪਿਆ ਕਿ ਪਾਕਿਸਤਾਨੀ ਨਾਟਕਕਾਰ ਆਪਣੇ ਦੇਸ਼ ਦੇ ਹਾਲਾਤ ਕਾਰਨ ਕੁਝ ਕੁ ਢੱਕੀ ਹੋਈ ਗੱਲ ਕਰਦੇ ਹਨ, ਗੁਰਸ਼ਰਨ ਸਿੰਘ ਖੁੱਲ੍ਹ ਕੇ ਸੱਤਾ ਦੀਆਂ ਬਦਨੀਤੀਆਂ ਨੂੰ ਸਾਹਮਣੇ ਲਿਆਉਣਾ ਚਾਹੁੰਦਾ ਸੀ। ਪਰ ਇਸ ਸਮੇਂ ਤੱਕ ਵੀ ਉਸਦੇ ਮਨ ਵਿਚ ਅਜਿਹੇ ਬਹੁਤ ਜ਼ਿਆਦਾ ਸਿੱਧੇ ਅਤੇ ਸਾਦੇ ਥੀਏਟਰ ਦੀ ਧਾਰਨਾ ਨਹੀਂ ਸੀ ਬਣੀ, ਜਿਹੜਾ ਕਿ ਉਸਨੇ ਬਾਅਦ ਵਿਚ ਕੀਤਾ। ਇਸੇ ਕਰਕੇ ਉਸਨੇ ਇਹ ਨਾਟਕ ਬੰਸੀ ਕੌਲ ਪਾਸੋਂ ਨਿਰਦੇਸ਼ਿਤ ਕਰਵਾਇਆ। ਪਰ ਇਹ ਵੀ ਸੱਚ ਹੈ ਕਿ ਬਾਅਦ ਵਿਚ ਇਹ ਨਾਟਕ ਬੰਸੀ ਕੌਲ ਦਾ ਨਹੀਂ, ਸਗੋਂ ਗੁਰਸ਼ਰਨ ਸਿੰਘ ਦਾ ਹੀ ਲੱਗਣ ਲੱਗ ਪਿਆ ਸੀ। ਉਸਦੇ ਨਾਟਕ ਦੀ ਸਾਦਗੀ ਅਤੇ ਸਿੱਧਾਪਣ ਉਸਦੇ ਨਾਟਕੀ ਤਜਰਬਿਆਂ ਅਤੇ ਲੋੜਾਂ ਵਿਚੋਂ ਪੈਦਾ ਹੋਏ। ਜੇ ਉਹ ਇਸ ਸਾਦਗੀ ਅਤੇ ਸਿੱਧੇਪਣ ਦਾ ਪੱਲਾ ਨਾ ਫੜਦਾ ਤਾਂ ਏਨੇ ਲੋਕਾਂ ਤੱਕ ਨਾ ਪਹੁੰਚ ਸਕਦਾ। ਪਰ ਗੁਰਸ਼ਰਨ ਦੀ ਤਾਕਤ ਇਸ ਹੱਦ ਤੱਕ ਸੀਮਤ ਨਹੀਂ; ਇਸ ਦਾ ਜ਼ਿਕਰ ਅੱਗੇ ਆਵੇਗਾ।

ਇਕ ਇਨਸਾਨ ਦੇ ਤੌਰ 'ਤੇ ਉਹ ਹੀਰਾ ਸੀ। ਉਸ ਨੂੰ ਬਲੱਡ ਪ੍ਰੈਸ਼ਰ ਦੀ ਬੀਮਾਰੀ ਹੋਣ ਕਾਰਨ ਗੁੱਸਾ ਬਹੁਤ ਜਲਦੀ ਆਉਂਦਾ ਸੀ। ਪਰ ਆਪਣੇ ਗੁੱਸੇ ਨੂੰ ਜਲਦੀ ਥੁੱਕ ਦੇਣ ਦੀ ਅਥਾਹ ਸ਼ਕਤੀ ਦਾ ਵੀ ਮਾਲਕ ਸੀ ਗੁਰਸ਼ਰਨ ਸਿੰਘ। ਉਸ ਵਿਚ ਇਹ ਤਾਕਤ ਸੀ ਕਿ ਉਹ ਹਰੇਕ ਵਿਅਕਤੀ ਪਾਸੋਂ ਉਸਦੀ ਪੱਧਰ ਦਾ ਕੰਮ ਲੈ ਲੈਂਦਾ ਸੀ। ਅਜਿਹਾ ਕਰਨ ਸਮੇਂ ਉਹ ਉਸ ਵਿਅਕਤੀ ਦੀ ਸਮਰੱਥਾ ਦੇਖਦਾ ਸੀ, ਧੜਾ ਨਹੀਂ ਸੀ ਦੇਖਦਾ। ਉਸਦਾ ਕੇਵਲ ਇਕ ਹੀ ਧੜਾ ਸੀ; ਤੇ ਉਹ ਸੀ ਲੋਕ-ਹਿੱਤਾਂ ਵਾਸਤੇ ਕੀਤਾ ਜਾਂਦਾ ਕੰਮ। ਜਿਹੜੇ ਲੋਕ ਇਹ ਕੰਮ ਕਰਦੇ ਸਨ, ਗੁਰਸ਼ਰਨ ਸਿੰਘ ਉਨ੍ਹਾਂ ਦੇ ਨਾਲ ਸੀ। ਮੈਂ ਕਈ ਵਾਰ ਸੋਚਦਾ ਹਾਂ ਕਿ ਮੇਰਾ ਥੀਏਟਰ ਗੁਰਸ਼ਰਨ ਸਿੰਘ ਦੇ ਥੀਏਟਰ ਤੋਂ ਬਹੁਤ ਵੱਖਰਾ ਹੈ; ਫਿਰ ਉਹ ਮੈਨੂੰ ਕਿਉਂ ਪਿਆਰ ਕਰਦਾ ਸੀ ਤੇ ਕਿਸ ਗੱਲ ਦੀ ਇੱਜ਼ਤ ਕਰਦਾ ਸੀ? ਸ਼ਾਇਦ ਇਸੇ ਕਾਰਨ ਕਿ ਉਹ ਮੇਰੇ ਕੰਮ ਵਿਚ ਵੀ ਲੋਕ-ਹਿੱਤ ਪ੍ਰਤੀ ਈਮਾਨਦਾਰੀ ਦੇਖਦਾ ਸੀ। ਇਹੋ ਕਾਰਨ ਹੈ ਕਿ ਜਿੰਨੇ ਲੋਕ ਪੰਜਾਬੀ ਰੰਗਮੰਚ ਨੂੰ ਇਕੱਲੇ ਗੁਰਸ਼ਰਨ ਸਿੰਘ ਨੇ ਦਿੱਤੇ ਉਨੇ ਇੱਥੋਂ ਦੀਆਂ ਸਾਰੀਆਂ ਯੂਨੀਵਰਸਟੀਆਂ, ਵਿਭਾਗਾਂ, ਅਕਾਦਮੀਆਂ ਅਤੇ ਸਰਕਾਰਾਂ ਨੇ ਨਹੀਂ ਦਿੱਤੇ। ਦਲਜੀਤ ਕੌਰ, ਜਤਿੰਦਰ ਕੌਰ, ਸਤਿੰਦਰ ਕੌਰ, ਬੁੱਧ ਸਿੰਘ, ਸੁਰੇਸ਼ ਪੰਡਿਤ, ਸੁਦਰਸ਼ਨ ਸ਼ਰਮਾ, ਵੇਦ ਸ਼ਰਮਾ, ਹਰਭਜਨ ਜੱਬਲ, ਸਰਦਾਰਜੀਤ ਬਾਵਾ, ਕੇਵਲ ਧਾਲੀਵਾਲ, ਸਾਹਿਬ ਸਿੰਘ, ਪਵਨਦੀਪ, ਅਨੀਤਾ ਸ਼ਬਦੀਸ਼ ਆਦਿਕ ਰੰਗਕਰਮੀਆਂ ਦੀ ਲੰਮੀ ਫ਼ਹਿਰਿਸਤ ਹੈ। ਪੰਜਾਬ ਦਾ ਕੋਈ ਅਜਿਹਾ ਸ਼ਹਿਰ, ਕਸਬਾ ਜਾਂ ਪਿੰਡ ਨਹੀਂ ਜਿੱਥੇ ਉਸਦੀ ਖ਼ੁਸ਼ਬੂ ਨਹੀਂ ਪਹੁੰਚੀ। ਉਹ ਰੰਗਮੰਚ ਦਾ ਭਾਅ ਜੀ ਅਤੇ ਟੀ.ਵੀ. ਦਾ 'ਭਾਈ ਮੰਨਾ ਸਿੰਘ' ਬਣ ਕੇ ਸਾਡੇ ਸਾਰਿਆਂ ਦੇ

ਅੰਦਰ ਜਾ ਕੇ ਬਹਿ ਗਿਆ।

ਉਸਦੀ ਇਕ ਹੋਰ ਬਹੁਤ ਵੱਡੀ ਖ਼ੂਬੀ ਇਹ ਸੀ ਕਿ ਉਸਦਾ ਆਪਣੀਆਂ ਗ਼ਲਤੀਆਂ ਉੱਤੇ ਪਰਦਾ ਪਾਉਣ ਦੀ ਬਜਾਇ ਉਨ੍ਹਾਂ ਨੂੰ ਸਵੀਕਾਰਨ ਵਿਚ ਜ਼ਿਆਦਾ ਵਿਸ਼ਵਾਸ ਸੀ। ਉਹ ਰੱਬ ਨਹੀਂ ਸੀ ਤੇ ਨਾ ਹੀ ਉਹਦਾ ਰੱਬ ਵਿਚ ਵਿਸ਼ਵਾਸ ਸੀ। ਪਰ ਉਹ ਇਕ ਆਦਰਸ਼ ਇਨਸਾਨ ਸੀ; ਹਰ ਹਾਲਤ ਵਿਚ ਚੜ੍ਹਦੀ ਕਲਾ ਅਤੇ ਆਸ ਵਿਚ ਜਿਉਂਦਾ ਸੀ। ਪਿੱਛੇ ਜਿਹੇ ਮੈਨੂੰ ਉਸ ਨਾਲ ਤਿੰਨ-ਚਾਰ ਥਾਵਾਂ 'ਤੇ ਬੜੇ ਨੇੜੇ ਹੋ ਕੇ ਵਿਚਰਨ ਦਾ ਮੌਕਾ ਮਿਲਿਆ। ਪੰਜਾਬ ਕਲਾ ਭਵਨ ਵਿਚ ਅੰਮ੍ਰਿਤਸਰੀਆਂ ਨੇ ਚੰਡੀਗੜ੍ਹੀਆਂ ਨਾਲ ਰਲ ਕੇ ਵਿਸਾਖੀ ਮਨਾਈ ਜਿਸਦਾ ਨਾਇਕ ਗੁਰਸ਼ਰਨ ਸਿੰਘ ਸੀ। ਡਾਇਲਿਸਸ 'ਤੇ ਹੋਣ ਦੇ ਬਾਵਜੂਦ ਉਹਦੇ ਚਿਹਰੇ 'ਤੇ ਮੁਸਕਾਨ ਸੀ। ਦੇਹਾਂਤ ਤੋਂ ਦੋ ਹਫ਼ਤੇ ਪਹਿਲਾਂ ਸ਼ਬਦੀਸ਼ ਅਤੇ ਅਨੀਤਾ ਨੇ ਗੁਰਸ਼ਰਨ ਸਿੰਘ ਦੇ ਜਨਮ ਦਿਵਸ ਨੂੰ ਅਰਪਿਤ ਅਠਵਾਂ ਨਾਟ ਮੇਲਾ ਆਯੋਜਿਤ ਕੀਤਾ। ਗੁਰਸ਼ਰਨ ਸਿੰਘ ਨੂੰ ਮੰਚ 'ਤੇ ਬਿਠਾ ਕੇ ਕੇਕ ਕੱਟਿਆ ਗਿਆ; ਗੁਰਸ਼ਰਨ ਸਿੰਘ ਦੀ ਆਮਦ ਨੇ ਚਾਰੇ ਪਾਸੇ ਆਸ ਦੇ ਫੁੱਲ ਖਿੜਾ ਦਿੱਤੇ। ਉਹ ਜ਼ਾਤੀ ਪੱਧਰ 'ਤੇ ਵੀ ਬਹੁਤ ਹੀ ਸਾਦਗੀ ਅਤੇ ਸਪਸ਼ਟਤਾ ਨਾਲ ਜਿਊਣ ਵਾਲਾ ਜਿਊੜਾ ਸੀ।

ਭਾਵੇਂ ਗੁਰਸ਼ਰਨ ਸਿੰਘ ਦਾ ਅਜੋਕਾ ਸਾਦਾ ਅਤੇ ਸਪਸ਼ਟ ਥੀਏਟਰ ਵੀ ਉਸਦੀ ਇਸ ਇੱਛਾ ਵਿਚੋਂ ਪੈਦਾ ਹੋਇਆ ਕਿ ਲੋਕਾਂ ਨੂੰ ਸੱਤਾ ਅਤੇ ਉਸਦੇ ਵਿਰੋਧੀਆਂ ਦੀ ਦਹਿਸ਼ਤ ਅਤੇ ਸਮਾਜੀ ਕੁਰੀਤੀਆਂ ਵਿਰੁੱਧ ਵੱਡੇ ਪੱਧਰ 'ਤੇ ਲਾਮਬੱਧ ਕੀਤਾ ਜਾਵੇ; ਫਿਰ ਵੀ ਉਸਦਾ ਨਿਸ਼ਾਨਾ ਉੱਥਲ-ਪੁੱਥਲ ਨਹੀਂ ਸੀ। ਉਹ ਸਾਡੇ ਸੋਚਣ ਦੇ ਢੰਗ ਵਿਚ ਇਕ ਮੂਲ ਤਬਦੀਲੀ ਦੇਖਣਾ ਚਾਹੁੰਦਾ ਸੀ ਜਿਸ ਅਨੁਸਾਰ ਅਸੀਂ ਹਰ ਕਿਸਮ ਦੇ ਮਾਨਵੀ ਸਰੋਕਾਰਾਂ ਉੱਤੇ ਪਹਿਰਾ ਦੇਂਦਿਆਂ ਆਪਣੇ ਸਵਾਰਥ, ਲਾਲਚ ਅਤੇ ਹੰਕਾਰ ਤੋਂ ਮੁਕਤ ਹੋਈਏ। ਇਹ ਠੀਕ ਹੈ ਕਿ ਗੁਰਸ਼ਰਨ ਸਿੰਘ ਰਾਜਸੀ ਤੌਰ 'ਤੇ ਖੱਬੇ-ਪੱਖੀ ਧਿਰਾਂ ਦੇ ਵਧੇਰੇ ਨੇੜੇ ਰਿਹਾ ਹੈ ਅਤੇ ਬੌਧਿਕ ਤੌਰ 'ਤੇ ਉਸਦਾ ਸਿੱਧਾ ਸੰਬੰਧ ਮਾਰਕਸੀ ਵਿਚਾਰਧਾਰਾ ਨਾਲ ਜੁੜਦਾ ਹੈ ਪਰ ਪੰਜਾਬ ਦੀ ਕੋਈ ਧਿਰ ਅਜਿਹੀ ਨਹੀਂ ਜਿਸਨੇ ਗੁਰਸ਼ਰਨ ਸਿੰਘ ਨੂੰ ਆਪਣੇ ਦਿਲ ਵਿਚ ਥਾਂ ਨਾ ਦਿੱਤੀ ਹੋਵੇ। ਪੰਜਾਬ ਦੀ ਦਹਿਸ਼ਤਗਰਦੀ ਦੇ ਦੌਰ ਵਿਚ ਵੀ ਆਤੰਕੀਆਂ ਵਿਚ ਅਜਿਹੇ ਲੋਕ ਸ਼ਾਮਿਲ ਸਨ ਜਿਹੜੇ ਭਾਅ ਦੀ ਕਦਰ ਕਰਦੇ ਸਨ। ਇਸ ਦਾ ਸਪਸ਼ਟ ਕਾਰਨ ਇਹ ਹੈ ਕਿ ਉਸਦਾ ਕੱਦ ਥੀਏਟਰ ਤੋਂ ਬਹੁਤ ਉੱਚਾ ਹੋ ਗਿਆ ਸੀ।

ਗੁਰਸ਼ਰਨ ਸਿੰਘ ਦੇ ਸਰਕਾਰਾਂ ਨਾਲ ਸੰਬੰਧਾਂ ਅਤੇ ਤਣਾਵਾਂ ਬਾਰੇ ਅਕਸਰ ਕੁਝ ਪ੍ਰਸ਼ਨ ਉਠਾਏ ਜਾਂਦੇ ਹਨ। ਉਸ ਦਵਾਰਾ ਪ੍ਰਾਪਤ ਕੀਤੇ ਗਏ ਮਾਨਾਂ-ਸਨਮਾਨਾਂ ਅਤੇ ਇਨਾਮਾਂ ਉੱਤੇ ਉਂਗਲਾਂ ਚੁੱਕਣ ਵਾਲੇ ਕਈ ਲੋਕ ਹਨ। ਪਰ ਸਾਨੂੰ ਦੋ ਗੱਲਾਂ ਯਾਦ ਰੱਖਣ ਦੀ ਲੋੜ ਹੈ। ਪਹਿਲੀ ਇਹ ਕਿ ਮਨੁੱਖ ਮਨੁੱਖ ਹੁੰਦਾ ਹੈ; ਗੁਰਸ਼ਰਨ ਸਿੰਘ ਤਾਂ ਰੱਬ ਹੋ ਹੀ ਨਹੀਂ ਸੀ ਸਕਦਾ ਕਿਉਂਕਿ ਉਸਦੀ ਕਿਸੇ ਕਿਸਮ ਦੇ ਰੱਬ ਵਿਚ ਕੋਈ ਆਸਥਾ ਨਹੀਂ ਸੀ। ਦੂਸਰੀ ਗੱਲ ਇਹ ਕਿ ਉਸਨੇ ਇਹਨਾਂ ਇਨਾਮਾਂ ਨੂੰ ਕਿੱਥੇ ਵਰਤਿਆ ਹੈ! ਕੀ ਗੁਰਸ਼ਰਨ ਸਿੰਘ ਨੇ ਆਪਣੀ ਸਾਰੀ ਜ਼ਿੰਦਗੀ ਲਾ ਕੇ ਕੋਈ ਜ਼ਮੀਨਾਂ ਖ਼ਰੀਦੀਆਂ ਹਨ? ਕੋਈ ਜਾਇਦਾਦਾਂ ਖੜ੍ਹੀਆਂ ਕੀਤੀਆਂ ਹਨ? ਉਹ ਤਾਂ ਸਾਰੀ ਉਮਰ ਇਕ ਪੁਰਾਣੇ ਸਕੂਟਰ 'ਤੇ ਹੀ ਘੁੰਮਦਾ ਰਿਹਾ। ਸਮੇਂ ਨਾਲ ਉਸਦੀ ਰਿਹਾਇਸ਼ ਅਤੇ ਜੀਵਨ-ਸ਼ੈਲੀ ਵਿਚ ਸਾਦਗੀ ਤਾਂ ਆਈ ਪਰ ਕਿਸੇ ਕਿਸਮ ਦੀ ਕੋਈ

ਅਮੀਰੀ ਜਾਂ ਫ਼ਜ਼ੂਲ ਖ਼ਰਚੀ ਨਹੀਂ ਦੇਖੀ ਗਈ। ਉਹ ਆਪਣੇ ਸਾਰੇ ਪੈਸੇ ਨੂੰ ਨਾਟਕਾਂ ਅਤੇ ਕਿਤਾਬਾਂ ਵਾਸਤੇ ਖ਼ਰਚ ਕਰਦਾ ਰਿਹਾ। ਉਸਦਾ ਵਿਸ਼ਵਾਸ ਸੀ ਕਿ ਸਰਕਾਰ ਦਾ ਪੈਸਾ ਅਸਲ ਵਿਚ ਲੋਕਾਂ ਦਾ ਪੈਸਾ ਹੈ ਤੇ ਜੇ ਉਸਨੇ ਵਿਚੋਂ ਕੁਝ ਹਿੱਸਾ ਲੈ ਕੇ ਲੋਕ-ਹਿੱਤ ਲਈ ਵਰਤਿਆ ਹੈ ਤਾਂ ਉਹ ਆਪਣੇ ਰਾਹ ਤੋਂ ਭਟਕਿਆ ਨਹੀਂ ਹੈ। ਮੈਨੂੰ ਤਾਂ ਜਾਪਦਾ ਹੈ ਕਿ ਸ਼ਾਇਦ ਉਹ ਨਿੱਜੀ ਪੈਸੇ ਨੂੰ ਵੀ ਇਨ੍ਹਾਂ ਕਾਰਜਾਂ ਉੱਤੇ ਹੀ ਲਾ ਰਿਹਾ ਸੀ। ਗੁਰਸ਼ਰਨ ਸਿੰਘ ਨੇ ਮੈਨੂੰ ਕਈ ਵਾਰ ਜ਼ਾਤੀ ਤੌਰ 'ਤੇ ਇਹ ਪੇਸ਼ਕਸ਼ ਕੀਤੀ ਸੀ ਕਿ ਜੇ ਮੈਂ ਕੋਈ ਨਾਟਕ ਤਿਆਰ ਕਰਨਾ ਚਾਹੁੰਦਾ ਹਾਂ ਤਾਂ ਉਹ ਪੈਸੇ ਦੇਣ ਲਈ ਤਿਆਰ ਹੈ। ਢਿੱਲ ਮੇਰੇ ਵੱਲੋਂ ਸੀ, ਓਹਦੇ ਵੱਲੋਂ ਨਹੀਂ। ਕੀ ਅਜਿਹਾ ਮਨੁੱਖ ਲਾਲਚੀ ਹੋ ਸਕਦਾ ਹੈ? ਬਿਲਕੁੱਲ ਨਹੀਂ।

ਇਕ ਹੋਰ ਸਵਾਲ ਵੀ ਕੁਝ ਹਲਕਿਆਂ ਵੱਲੋਂ ਉਠਾਇਆ ਗਿਆ ਹੈ। ਕੀ ਗੁਰਸ਼ਰਨ ਸਿੰਘ ਸੰਕਟ ਦੇ ਸਮੇਂ ਵਿਚ ਡੋਲ ਜਾਂਦਾ ਸੀ? ਕੀ ਉਹ ਅੰਦਰੋਂ ਓਨਾ ਤਾਕਤਵਰ ਨਹੀਂ ਸੀ ਜਿੰਨੀ ਤਾਕਤ ਦੀ ਉਹ ਬਾਤ ਪਾਉਂਦਾ ਸੀ? ਉਸਦਾ ਇਕ ਖ਼ਤ ਮਿਲਦਾ ਹੈ ਜਿਹੜਾ ਉਸਨੇ ਮਿਤੀ 21.9.76 ਨੂੰ ਨਵਤੇਜ ਸਿੰਘ ਪ੍ਰੀਤਲੜੀ ਨੂੰ ਲਿਖਿਆ ਸੀ:

ਪਿਆਰੇ ਨਵਤੇਜ ਜੀ,

ਅੱਜ ਮੈਨੂੰ ਪਰੀਵੈਂਟਿਵ ਡੀਟੈਨਸ਼ਨ ਐਕਟ ਥੱਲੇ ਪਕੜਿਆ ਗਿਆ ਹੈ। ਆਪਣੀ ਨੌਕਰੀ ਹਟ ਜਾਣ ਤੋਂ ਬਾਦ ਮੈਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਥੀਏਟਰ ਸਰਗਰਮੀਆਂ ਵਿਚ ਪਾ ਲਿਆ ਸੀ-ਥੀਏਟਰ ਮੇਰਾ ਕਿੱਤਾ ਵੀ ਸੀ। ਮੈਂ ਆਪਣੇ ਆਪ ਨੂੰ ਹਰ ਕਿਸਮ ਦੀ ਰਾਜਸੀ ਸਰਗਰਮੀ ਤੋਂ ਵੱਖ ਰੱਖਿਆ ਸੀ ਤੇ ਇਕ ਅਗਾਂਹਵਧੂ ਸਭਿਆਚਾਰਕ ਕਾਮੇ ਦੇ ਤੌਰ ਉੱਤੇ ਹੀ ਕੰਮ ਕਰ ਰਿਹਾ ਸਾਂ।

ਪਰ ਮੈਨੂੰ ਲੱਗਦਾ ਹੈ ਕਿ ਮੇਰੇ ਖ਼ਿਲਾਫ਼ ਝੂਠੀਆਂ ਡਾਇਰੀਆਂ ਬਣੀਆਂ ਹਨ। ਕੀ ਤੁਸੀਂ ਸਾਰੇ ਚਾਹੋਗੇ ਕਿ ਮੈਂ ਬਿਲਕੁੱਲ ਹੀ ਮਰ ਜਾਵਾਂ-ਇਕ ਅਜ਼ਾਦ ਸ਼ਹਿਰੀ ਦੇ ਤੌਰ 'ਤੇ ਆਪਣੇ ਹੁਨਰ ਦੀ ਵਰਤੋਂ ਨਾ ਕਰਾਂ?

ਪਿਛਲੀ ਵਾਰੀ ਨੌਕਰੀ ਹਟਣ ਦੇ ਵਾਰ ਨੂੰ ਮੈਂ ਸਹਿ ਲਿਆ ਸੀ, ਕਿਉਂਕਿ ਮੈਂ ਆਪ ਵੀ ਸਮਝਦਾ ਸਾਂ ਕਿ ਜੇਕਰ ਮੇਰੀ ਮੌਜੂਦਾ ਸਰਕਾਰ ਨਾਲ ਵਫ਼ਾਦਾਰੀ ਨਹੀਂ ਤਾਂ ਉਨ੍ਹਾਂ ਮੈਨੂੰ ਨੌਕਰੀ ਤੋਂ ਹਟਾ ਦਿੱਤਾ ਹੈ-ਇਹ ਉਨ੍ਹਾਂ ਦੀ ਮਰਜ਼ੀ-ਪਰ ਹੁਣ ਮੇਰਾ ਫੜਿਆ ਜਾਣਾ ਇਕ ਬਹੁਤ ਵੱਡੀ ਜ਼ਿਆਦਤੀ ਹੈ। ਤੁਹਾਡੇ ਤੋਂ ਮੈਂ ਉਮੀਦ ਕਰਦਾ ਹਾਂ ਕਿ ਆਪਣੇ ਰਸੂਖ ਨੂੰ ਮੇਰੇ ਹੱਕ ਵਿਚ ਜ਼ਰੂਰ ਵਰਤੋ।

ਪਿਆਰ ਸਹਿਤ,

ਗੁਰਸ਼ਰਨ।

ਇਸ ਖ਼ਤ ਨੂੰ ਕਈ ਤਰ੍ਹਾਂ ਨਾਲ ਪੜ੍ਹਿਆ ਜਾ ਸਕਦਾ ਹੈ। ਮੇਰੀ ਰਾਏ ਵਿਚ ਇਹ ਹੀ ਉਹ ਸਮਾਂ ਹੈ ਜਦੋਂ ਗੁਰਸ਼ਰਨ ਸਿੰਘ ਆਪਣੇ ਭਵਿੱਖ ਦੀ ਯੋਜਨਾ ਨੂੰ ਤੈਅ ਕਰਦਾ ਹੈ। ਜਿਹੜੀ ਇਕ ਰਾਤ ਉਹ ਅੰਮ੍ਰਿਤਸਰ ਦੇ ਥਾਣਾ ਸਦਰ ਵਿਚ ਰਿਹਾ ਉਸ ਰਾਤ ਨੇ ਉਸਨੂੰ ਸਮਝਾਇਆ ਕਿ ਹੁਣ ਹਰ ਕਿਸਮ ਦੇ ਡਰ ਤੋਂ ਮੁਕਤ ਹੋਣਾ ਪਵੇਗਾ। ਗੁਰਸ਼ਰਨ ਸਿੰਘ ਨੇ ਆਪਣੇ ਜੀਵਨ ਵਿਚ ਨਿਡਰਤਾ ਦੇ ਜਿਹੜੇ ਸਬੂਤ ਦਿੱਤੇ ਉਹ ਛੋਟੇ ਨਹੀਂ ਹਨ। ਸਮੇਂ ਦੀ ਸਰਕਾਰ ਦੇ ਮੁਖੀਆਂ ਦੀ ਸਟੇਜ ਉੱਤੇ ਉਨ੍ਹਾਂ ਦਾ ਨਾਂ ਲੈ ਕੇ ਜਲੂਸ ਕੱਢਣ ਦੀ ਹਿੰਮਤ ਦਾ ਮਾਲਕ ਸਿਰਫ਼ ਗੁਰਸ਼ਰਨ ਸਿੰਘ ਹੀ ਹੈ। ਆਤੰਕਵਾਦ ਦੇ ਖ਼ਿਲਾਫ਼ ਉਸਦੀ ਰੰਗਮੰਚੀ ਲੜਾਈ ਅਸਲ ਵਿਚ

ਸਮਾਜਿਕ ਲੜਾਈ ਸੀ ਜਿਹੜੀ ਉਸਨੇ ਆਪਣੇ ਜ਼ਾਤੀ ਦਮ-ਖਮ ਉੱਤੇ ਲੜੀ। ਤੇ ਇਹ ਕਿਸੇ ਵੀ ਕਿਸਮ ਦੇ ਡਰ ਵਿਚ ਜੀ ਕੇ ਲੜੀ ਜਾਣ ਵਾਲੀ ਲੜਾਈ ਨਹੀਂ ਸੀ।

ਇਹੀ ਉਹ ਸਮਾਂ ਹੈ ਜਿਹੜਾ ਉਸਦੇ ਥੀਏਟਰ ਨੂੰ ਸਾਦਗੀ ਅਤੇ ਸਪਸ਼ਟਤਾ ਵੱਲ ਤੋਰਦਾ ਹੈ। ਇਸ ਸਮੇਂ ਦੌਰਾਨ ਉਹ ਰੰਗਮੰਚ ਨੂੰ ਸਸਤੇ ਮੁੱਲਾਂ 'ਤੇ ਕਰਕੇ ਆਪਣੇ ਸੰਦੇਸ਼ ਨੂੰ ਬਹੁਤੇ ਲੋਕਾਂ ਤੱਕ ਪੁਚਾਉਣਾ ਚਾਹੁੰਦਾ ਸੀ। ਇਸ ਕਾਰਜ ਵਿਚ ਉਸ ਦੀ ਸਫ਼ਲਤਾ ਦਾ ਸਭ ਤੋਂ ਵੱਡਾ ਸਬੂਤ ਇਹ ਹੈ ਕਿ ਅੱਜ ਅਨੇਕਾਂ ਨਾਟ-ਮੰਡਲੀਆਂ ਉਸਦੇ ਪਾਏ ਹੋਏ ਪੂਰਨਿਆਂ 'ਤੇ ਚੱਲ ਰਹੀਆਂ ਹਨ। ਅਕਾਦਮੀਆਂ ਦੇ ਮਾਨ-ਸਨਮਾਨ ਹੁਣ ਉਸਦੇ ਅਸਲ ਕੱਦ ਨਾਲੋਂ ਬਹੁਤ ਛੋਟੇ ਰਹਿ ਗਏ ਹਨ। ਗੁਰਸ਼ਰਨ ਸਿੰਘ ਦੇ ਨਾਂ 'ਤੇ ਪੰਜਾਬ ਵਿਚ ਵੱਡੇ ਤੇ ਛੋਟੇ ਨਾਟ-ਘਰ ਬਣ ਰਹੇ ਹਨ। ਗਿਆਨ ਸਾਗਰ ਟਰੱਸਟ ਵੱਲੋਂ 1200 ਸੀਟਾਂ ਦਾ ਜਿਹੜਾ ਵਕਾਰੀ ਪੱਧਰ ਦਾ 'ਭਾਅ ਜੀ ਗੁਰਸ਼ਰਨ ਸਿੰਘ ਥੀਏਟਰ' ਬਨੂੜ ਵਿਚ ਉਸਾਰਿਆ ਜਾ ਰਿਹਾ ਹੈ ਉਹ ਇਸ ਸਮੇਂ ਆਖ਼ਰੀ ਛੋਹਾਂ ਲੈ ਰਿਹਾ ਹੈ, ਮੈਨੂੰ ਖੁਸ਼ੀ ਹੈ ਕਿ ਮੈਂ ਉਸਦੀ ਉਸਾਰੀ ਵਿਚ ਇਕ ਅਹਿਮ ਭੂਮਿਕਾ ਨਿਭਾ ਰਿਹਾ ਹਾਂ।

ਮੈਨੂੰ ਗੁਰਸ਼ਰਨ ਸਿੰਘ ਨਾਲ 'ਪੰਜਾਬ ਸੰਗੀਤ ਨਾਟਕ ਅਕਾਦਮੀ' ਵਿਚ 3 ਸਾਲ ਸੇਵਾ ਕਰਨ ਦਾ ਮੌਕਾ ਮਿਲਿਆ। ਲੋਕ ਕਹਿੰਦੇ ਹਨ ਕਿ ਸਾਡੀ ਟੀਮ ਨੇ ਮਿਸਾਲੀ ਕੰਮ ਕੀਤਾ। ਇਸ ਸਮੇਂ ਦੌਰਾਨ ਗੁਰਸ਼ਰਨ ਸਿੰਘ ਹੋਰਾਂ ਮੇਰੇ ਕਿਸੇ ਇਕ ਵਿਚਾਰ ਦਾ ਵੀ ਵਿਰੋਧ ਨਹੀਂ ਕੀਤਾ। ਮੇਰੀ ਹਰ ਰਾਏ ਨੂੰ ਕਦਰ ਨਾਲ ਵਿਚਾਰਿਆ ਅਤੇ ਲੱਗਭਗ ਹਰ ਵਾਰ ਉਸਨੂੰ ਸਵੀਕਾਰ ਕੀਤਾ। ਮੈਂ ਭਾਗਾਂ ਵਾਲਾ ਹਾਂ ਕਿ ਮੇਰੇ ਵਿਰੋਧ ਨੂੰ ਵੀ ਉਨ੍ਹਾਂ ਨੇ ਕਬੂਲ ਕੀਤਾ। ਲੁਧਿਆਣੇ ਦੇ ਇਕ ਸੈਮੀਨਾਰ ਵਿਚ ਮੇਰਾ ਖ਼ਿਆਲ ਬਣਿਆ ਸੀ ਕਿ ਪੰਜਾਬ ਸਮੱਸਿਆ ਨਾਲ ਜੁੜੇ ਨਾਟਕਾਂ ਵਿਚ ਹੌਲੀ-ਹੌਲੀ ਗੁਰਸ਼ਰਨ ਸਿੰਘ ਨਾਟਕਕਾਰ ਦੇ ਰੂਪ ਵਿਚ ਆਤੰਕਵਾਦੀਆਂ ਦੇ ਤਿੱਖੇ ਵਿਰੋਧ ਤੋਂ ਪਿੱਛੇ ਹਟ ਰਿਹਾ ਹੈ। ਗੁਰਸ਼ਰਨ ਸਿੰਘ ਨੇ ਫ਼ਰਾਖ਼-ਦਿਲੀ ਨਾਲ ਕਿਹਾ ਸੀ ਕਿ ਮੈਂ ਇਸ ਬਾਰੇ ਗੰਭੀਰ ਹੋ ਕੇ ਸੋਚਾਂਗਾ। ਬਲੱਡ ਪ੍ਰੈਸ਼ਰ ਦੀ ਬੀਮਾਰੀ ਕਾਰਨ ਉਹ ਅਕਸਰ ਬਹੁਤ ਜਲਦੀ ਗੁੱਸੇ ਵਿਚ ਆ ਜਾਂਦਾ ਸੀ। ਸੱਚ ਨੂੰ ਕਹਿਣਾ ਤਾਂ ਬਹੁਤ ਜ਼ਰੂਰੀ ਹੈ ਪਰ ਕਈ ਵਾਰ ਉਹ ਬੇਲੋੜਾ ਗੁੱਸਾ ਵੀ ਕਰਦਾ ਸੀ। ਅਮਰਜੀਤ ਚੰਦਨ ਤੇ ਕੇਵਲ ਧਾਲੀਵਾਲ ਵਰਗੇ ਲੋਕਾਂ ਵਿਰੁੱਧ ਉਸਨੇ ਅਜਿਹਾ ਵਕਤੀ ਗੁੱਸਾ ਅਨੇਕਾਂ ਲੋਕਾਂ ਦੀ ਹਾਜ਼ਰੀ ਵਿਚ ਦਿਖਾਇਆ ਸੀ। ਪਰ ਮੇਰਾ ਵਿਸ਼ਵਾਸ ਹੈ ਕਿ ਇਸਦਾ ਕਾਰਨ ਉਸ ਦੀ ਸਰੀਰਿਕ ਕਮਜ਼ੋਰੀ ਸੀ, ਮਾਨਸਿਕ ਤਰੁੱਟੀ ਨਹੀਂ ਸੀ। ਮੈਂ ਉਸ ਨੂੰ ਕਦੇ ਵੀ ਕਿਸੇ ਵਿਰੁੱਧ ਦੁਸ਼ਮਣੀ ਵਾਲਾ ਰਵੱਈਆ ਪਾਲਦਿਆਂ ਨਹੀਂ ਦੇਖਿਆ। ਉਹਦੀ ਦੁਸ਼ਮਣੀ ਤੇ ਦੋਸਤੀ ਵਿਚਾਰਾਂ ਨਾਲ ਸੀ, ਬੰਦਿਆਂ ਨਾਲ ਨਹੀਂ। ਇਹ ਤਾਕਤਵਰ ਬੰਦੇ ਦੀ ਬਹੁਤ ਵੱਡੀ ਨਿਸ਼ਾਨੀ ਹੁੰਦੀ ਹੈ।

ਗੁਰਸ਼ਰਨ ਸਿੰਘ ਸਾਡੇ ਸਮੇਂ ਦੇ ਸਭ ਤੋਂ ਵੱਧ ਕਦਰਯੋਗ ਪੰਜਾਬੀਆਂ ਵਿਚੋਂ ਇਕ ਹੈ ਕਿਉਂਕਿ ਉਹ ਸਮੇਂ ਦੇ ਹਾਣ ਦਾ ਸੀ। ਜੇ ਉਸਦੇ ਪੂਰਨਿਆਂ ਉੱਤੇ ਪੰਜਾਬ ਚੱਲਦਾ ਰਹੇ ਤਾਂ ਸਾਡਾ ਸਭ ਦਾ ਬਹੁਤ ਭਲਾ ਹੋਵੇਗਾ। ਗੁਰਸ਼ਰਨ ਸਿੰਘ ਤੁਰ ਗਿਆ ਹੈ ਪਰ ਉਸਦੀਆਂ ਪੈੜਾਂ ਬਰਕਰਾਰ ਹਨ। ਕੀ ਉਨ੍ਹਾਂ 'ਤੇ ਚੱਲਣ ਵਾਲੇ ਸੱਚਮੁੱਚ ਕੁਝ ਲੋਕ ਹਨ? ਆਓ ਮਨ ਨੂੰ ਪੱਕਾ ਕਰੀਏ! ਇਸ ਵਾਸਤੇ ਨਾਅਰਿਆਂ ਨਾਲੋਂ ਹਿੰਮਤ ਦੀ ਕਿਤੇ ਜ਼ਿਆਦਾ ਲੋੜ ਹੈ।

098760-18501